ਦਫਤਰ ਨਗਰ ਨਿਗਮ ਫਗਵਾੜਾ

**OFFICE OF THE MUNICIPAL CORPORATION PHAGWARA**

TOWN HALL PARK, PHAGWARA-144401

Office: 01824-260426

Website: www.mcphagwara.co.in Email: cmcphagwara123@gmail.com

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: 1062 ਮਿਤੀ: 12/4/23

**ਵਿਸ਼ਾ:-** **ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 11/04/2023 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ: 24,25 ਮਿਤੀ 11/04/2023 ਦੀ ਨਕਲ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

**ਅਜੰਡਾ ਸੁਪਰਡੰਟ,**
**ਨਗਰ ਨਿਗਮ, ਫਗਵਾੜਾ।**

**ਪਿੱਠ ਅੰਕਣ ਨੰ:** 1063-1066 **ਮਿਤੀ:** 12/4/23

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਅਜੰਡਾ ਸੁਪਰਡੰਟ,**
**ਨਗਰ ਨਿਗਮ, ਫਗਵਾੜਾ।**

O/C

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

ਮਿਤੀ 11-04-2023 ਨੂੰ ਡਾਂ. ਨਯਨ ਪੀ.ਸੀ.ਐਸ. ਕਮਿਸ਼ਨਰ ਨਗਰ ਨਿਗਮ ਫਗਵਾੜਾ ਵੱਲੋ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 24,<br>11-04-2023 | ਰਿਪੋਰਟ ਵੱਲੋ ਨਿਗਰਾਨ ਇੰਜੀਨੀਅਰ, ਨਗਰ ਨਿਗਮ ਫਗਵਾੜਾ ਕਿ ਸ਼੍ਰੋਮਣੀ ਸ਼੍ਰੀ ਵਿਸ਼ਵਕਰਮਾ ਮੰਦਰ ਵੱਲੋ ਮਾਨਯੋਗ ਕਮਿਸ਼ਨਰ ਸਾਹਿਬ, ਨਗਰ ਨਿਗਮ ਫਗਵਾੜਾ ਜੀ ਨੂੰ ਪੱਤਰ ਨੰ:639 ਮਿਤੀ 18-11-2022 ਰਾਹੀ ਮੰਦਰ ਤੱਕ ਸੀਵਰ ਲਾਈਨ ਪਾਉਣ ਲਈ ਬੇਨਤੀ ਕੀਤੀ ਗਈ ਸੀ। ਉਪ ਮੰਡਲ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ ਉਪ ਮੰਡਲ ਨੰ:1, ਦੇ ਪੱਤਰ ਨੰ: 215 ਮਿਤੀ 17-03-2023 ਰਾਹੀਂ ਉਕਤ ਜਗ੍ਹਾ ਦਾ ਮੋਕਾ ਦੇਖ ਕੇ ਮੰਦਰ ਤੱਕ ਸੀਵਰ ਲਾਈਨ ਪਾਉਣ ਲਈ ਤਖਮੀਨਾ ਤਿਆਰ ਕਰਕੇ ਭਜਿਆ ਗਿਆ ਹੈ। ਤਖਮੀਨੇ ਮੁਤਾਬਕ ਉਕਤ ਜਗ੍ਹਾ ਤੇ ਸੀਵਰ ਲਾਈਨ ਪਾਉਣ ਲਈ ਲਗਭਗ 19.54 ਲੱਖ ਰੁਪਏ ਦਾ ਖਰਚ ਆਉਣ ਦੀ ਸੰਭਾਵਨਾ ਹੈ। ਇਸ ਤਖਮੀਨੇ ਵਿੱਚ ਕੁੱਲ 7.11 ਲੱਖ ਰੁਪਏ ਰੋਡ ਕਟਿੰਗ, ਬਿਜਲੀ ਅਤੇ ਟੈਲੀਫੋਨ ਦੇ ਪੋਲ ਸ਼ਿਫਟਿੰਗ ਦੇ ਹਨ, ਇਸ ਖਰਚੇ ਨੂੰ ਲੋੜ ਮੁਤਾਬਕ ਹੀ ਵਰਤਿਆ ਜਾਵੇਗਾ। ਇਹ ਕੰਮ ਨਗਰ ਨਿਗਮ ਵੱਲੋ ਅਪਣੇ ਪੱਧਰ ਤੇ ਕੀਤਾ ਜਾਣਾ ਹੈ।<br>ਉਕਤ ਕੰਮ ਨੂੰ ਕਰਵਾਉਣ ਲਈ ਹਾਉਸ ਦੀ ਪ੍ਰਵਾਨਗੀ ਲੋੜੀਂਦੀ ਹੈ। ਇੱਥੇ ਇਹ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋ ਜਾਰੀ ਨੋਟੀਫਿਕੇਸ਼ਨ ਨੰ: 5/71/2017/MEO/DA/334 ਮਿਤੀ 23/03/2020 ਰਾਹੀ ਹਾਉਸ ਦੀਆ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆ ਗਈਆ ਹਨ। ਇਸ ਲਈ ਨਗਰ ਨਿਗਮ ਫਗਵਾੜਾ ਵਿਖੇ ਮਤਿਆ ਸਬੰਧੀ ਮਾਨਯੋਗ ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਦੇ ਹੁਕਮ ਨੰ: 4105 ਮਿਤੀ 13-12-2022 ਰਾਹੀ ਬਣਾਈ ਗਈ Resolution Committee ਵੱਲੋ ਉਕਤ ਸਬੰਧੀ ਮਤਾ ਪਾਉਣ ਲਈ ਦਿੱਤੀ ਗਈ ਪ੍ਰਵਾਨਗੀ ਉਪਰੰਤ ਰਿਪੋਰਟ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ। | ------ | ਸੂਚਨਾ ਹਿੱਤ। |

Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

| | | | | |
|---|---|---|---|---|
| 2 | 25, 11-04-2023 | ਰਿਪੋਰਟ ਵੱਲੋ ਨਿਗਰਾਨ ਇੰਜੀਨੀਅਰ ਨਗਰ ਨਿਗਮ ਫਗਵਾੜਾ ਕਿ, ਅਰਬਨ ਅਸਟੇਟ ਫਗਵਾੜਾ ਵਿਖੇ ਨਵਾਂ ਟਿਊਬਵੈਲ ਲਗਾਉਣ ਸਬੰਧੀ ਵਿੱਚ ਉਪ ਮੰਡਲ ਇੰਜੀਨੀਆਰ, ਪੰਜਾਬ ਵ/ਸ ਅਤੇ ਸੀਵਰੇਜ ਉਪ ਮੰਡਲ ਨੰ:1, ਫਗਵਾੜਾ ਦੇ ਪੱਤਰ ਨੰ: 255 ਮਿਤੀ 31-03-2023 ਰਾਹੀ ਸੂਚਿਤ ਕੀਤਾ ਗਿਆ ਹੈ ਕਿ ਅਰਬਨ ਅਸਟੇਟ ਫਗਵਾੜਾ ਦਾ ਟਿਊਬਵੈਲ ਨੰ:2 ਦਾ ਟਿਊਬਵੈਲ ਦਾ ਬੋਰ ਫੇਲ ਹੋ ਚੁੱਕਾ ਹੈ। ਟਿਊਬਵੈਲ ਚਲਾਉਣ ਤੇ ਰੇਤਾ ਅਤੇ ਮਿੱਟੀ ਆ ਰਹੀ ਹੈ। ਇਸ ਪੰਪ ਨੂੰ ਰਿਪੇਅਰ ਕਰਕੇ ਆਰਜੀ ਤੌਰ ਤੇ ਚਲਾਇਆ ਗਿਆ ਸੀ। ਇਸ ਦਾ ਡਿਸਚਾਰਜ ਘੱਟ ਅਤੇ ਅਕਸਰ ਹੀ ਪਾਣੀ ਦਾ ਲੈਵਲ ਵੀ ਡਾਊਨ ਰਹਿੰਦਾ ਹੈ। ਇਸ ਲਈ ਆਉਣ ਵਾਲੇ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਜਗ੍ਹਾ ਤੇ ਨਵਾਂ ਬੋਰ ਕਰਨ ਲਈ ਬੇਨਤੀ ਕੀਤੀ ਗਈ ਹੈ।<br><br>ਉਕਤ ਨੂੰ ਮੁੱਖ ਰੱਖਦੇ ਹੋਏ ਅਰਬਨ ਅਸਟੇਟ, ਫਗਵਾੜਾ ਵਿਖੇ ਨਵਾਂ ਟਿਊਬਵੈਲ ਲਗਾਉਣ ਲਈ ਤਖਮੀਨਾ ਤਿਆਰ ਕਰ ਲਿਆ ਗਿਆ ਹੈ। ਤਖਮੀਨੇ ਮੁਤਾਬਕ ਉਕਤ ਜਗ੍ਹਾ ਤੇ ਨਵਾਂ ਬੋਰ ਕਰਨ ਵਿੱਚ ਲਗਭਗ 22.47 ਲੱਖ ਰੁਪਏ ਦਾ ਖਰਚ ਆਉਣ ਦੀ ਸੰਭਾਵਨਾ ਹੈ। ਜਿਸ ਲਈ ਹਾਉਸ ਦੀ ਪ੍ਰਵਾਨਗੀ ਲੋੜੀਂਦੀ ਹੈ। ਇੱਥੇ ਇਹ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋ ਨੋਟੀਫਿਕੇਸ਼ਨ ਨੰ: 5/71/2017/**MEO/DA/334** ਮਿਤੀ 23-03-2020 ਰਾਹੀ ਹਾਉਸ ਦੀਆ ਸਾਰੀਆ ਸ਼ਕਤੀਆ ਕਮਿਸ਼ਨਰ ਨਗਰ ਨਿਗਮ ਫਗਵਾੜਾ ਜੀ ਨੂੰ ਦਿੱਤੀਆ ਗਈਆ ਹਨ। ਇਸ ਲਈ ਜੇਕਰ ਪ੍ਰਵਾਨ ਹੋਵੇ ਤਾਂ ਉਕਤ ਕੰਮ ਨੂੰ ਕਰਵਾਉਣ ਲਈ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਮਤਾ ਪਾਏ ਜਾਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ। | ------ | ਸੂਚਨਾ ਹਿੱਤ। |

ਤਸਦੀਕੀ ਕਾਪੀ

ਅਜੰਡਾ ਸੁਪਰਡੰਟ,
ਨਗਰ ਨਿਗਮ,ਫਗਵਾੜਾ